# 18
# ਸਲੀਬ ਨਾਲ ਜੁੜੀਆਂ ਗੱਲਾਂ

## ਅਫ਼ਸੀਆਂ 5:21-32

*''... ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸਦੇ ਲਈ ਦੇ ਦਿੱਤਾ ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਵਚਨ ਨਾਲ ਸ਼ੁੱਧ ਕਰਕੇ ਪਵਿੱਤਰ ਕਰੇ'' (ਅਫ਼ਸੀਆਂ 5:25, 26)।*

ਖ਼ੁਦਾ ਪਾਪੀਆਂ ਨਾਲ ਸਿਰਫ਼ ਸਲੀਬ 'ਤੇ ਹੀ ਮਿਲਦਾ ਹੈ। ਪਰ ਖ਼ੁਦਾ ਦੀਆਂ ਬਰਕਤਾਂ ਖ਼ੁਦਾ ਦੀਆਂ ਸ਼ਰਤਾਂ 'ਤੇ ਮਿਲਦੀਆਂ ਹਨ, ਸਾਡੀਆਂ ਸ਼ਰਤਾਂ 'ਤੇ ਨਹੀਂ। ਸਾਨੂੰ ਆਪਣੇ ਦਿਲਾਂ ਦੇ ਵਿਚਕਾਰ ਸਲੀਬ ਉਗਾਉਣੀ ਜ਼ਰੂਰੀ ਹੈ, ਤਾਂ ਹੀ ਖ਼ੁਦਾ ਆਪਣੀ ਮੁਕਤੀ ਦੇ ਵਿਚਕਾਰ ਸਾਨੂੰ ਉਗਾਵੇਗਾ।

ਸਲੀਬ ਵਿਚਕਾਰ ਹੈ; ਇਸ ਨਾਲ ਜੁੜੀਆਂ ਗੱਲਾਂ ਸਰਵੋਤਮ ਹਨ। ਜੇ ਤੁਸੀਂ ਸੂਟ ਖਰੀਦਣ ਲਈ ਪੈਸੇ ਖਰਚਦੇ ਹੋ, ਤਾਂ ਉਸ ਪੈਸੇ ਦਾ ਫ਼ਾਇਦਾ ਤੁਹਾਨੂੰ ਸੂਟ ਪਾ ਕੇ ਮਿਲਦਾ ਹੈ। ਦਵਾਈ ਤੰਦਰੁਸਤ ਕਰ ਸਕਦੀ ਹੈ, ਪਰ ਤਦੇ ਜੇ ਤੁਸੀਂ ਉਹਨੂੰ ਲਓਗੇ। ਸ਼ੀਸ਼ੀ ਵਿਚ ਪਈ ਦਵਾਈ ਕਿਸੇ ਕੰਮ ਦੀ ਨਹੀਂ ਹੈ। ਪੌਲੁਸ ਨੇ ਕਿਹਾ, ''... ਸ਼ਬਦਾਂ ਦੇ ਗਿਆਨ ਨਾਲ ਨਹੀਂ ਭਈ ਕਿਤੇ ਐਉਂ ਨਾ ਹੋਵੇ ਜੋ ਮਸੀਹ ਦੀ ਸਲੀਬ ਅਵਿਰਥੀ [ਜਾਂ ਸ਼ਕਤੀਹੀਨ] ਹੋ ਜਾਵੇ'' (1 ਕੁਰਿੰਥੀਆਂ 1:17)। ਸ਼ਕਤੀ ਉਸੇ 'ਚ ਹੈ, ਪਰ ਸਾਨੂੰ ਉਹਦੇ ਨਾਲ ਜੁੜਨਾ ਜ਼ਰੂਰੀ ਹੈ।

### ਨਵਾਂ ਨੇਮ

ਯਿਸੂ ਨੇ ਆਖਿਆ, ''ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ'' (ਮੱਤੀ 26:28)। ਬਾਈਬਲ ਉਹ ਕਿਤਾਬ ਹੈ ਜੋ ਲਹੂ ਬਾਰੇ ਦੱਸਦੀ ਹੈ। ''ਲਹੂ'' ਸ਼ਬਦ ਦਾ ਜ਼ਿਕਰ ਚਾਰ ਸੌ ਤੋਂ ਵੱਧ ਵਾਰ ਆਇਆ ਹੈ। ਭਲਾ ਅਸੀਂ ਐਨੇ ਘਮੰਡੀ ਹਾਂ ਕਿ ਲਹੂ ਨਾਲ ਜੁੜ ਨਹੀਂ ਸਕਦੇ? ਭਲਾ ਇਹ ਐਨਾ ਗੰਦਾ ਹੈ? ਖ਼ੁਦਾ ਦੀ ਪ੍ਰੇਰਣਾ ਤੋਂ ਰਹਿਤ ਲੋਕਾਂ ਨੇ ਲਿਖਿਆ ਹੁੰਦਾ ਤਾਂ ਉਨ੍ਹਾਂ ਇਹਨੂੰ ਬੜਾ ਖ਼ੂਬਸੂਰਤ ਬਣਾ ਦੇਣਾ ਸੀ; ਪਰ ਖ਼ੁਦਾ ਜਿਹਨੇ ਇਹਨੂੰ ਲਿਖਿਆ, ਨੇ ਲਹੂ ਨਾਲ ਲਿੱਬੜਿਆ ਰਹਿਣ ਦਿੱਤਾ।

ਬਹੁਤੇ ਲੋਕਾਂ ਨੂੰ ਲੱਗਦਾ ਹੈ ਕਿ ਮਸੀਹ ਦੀ ਸਲੀਬ ਹਾਰ ਸੀ ਅਤੇ ਜੀ ਉੱਠਣਾ ਫ਼ਤਹਿ ਸੀ। ਨਵਾਂ ਨੇਮ ਉਹਦੀ ਮੌਤ ਨੂੰ ਹੀ ਜਿੱਤ ਦੱਸਦਾ ਹੈ। ਇਬਰਾਨੀਆਂ 9:15, 16 ਯਿਸੂ ਨੂੰ ਨਵੇਂ ਨੇਮ ਜਾਂ ਅਹਿਦਨਾਮੇ ਦੇ ਵਿਚੋਲੇ ਦੇ ਤੌਰ 'ਤੇ ਵਿਖਾਉਂਦਾ ਹੈ। ਨੇਮ (ਜਾਂ ਵਸੀਅਤ) ਮਰਨ ਦੇ

ਬਾਅਦ ਹੀ ਅਸਰਦਾਇਕ ਹੁੰਦੀ ਹੈ। ਯਿਸੂ ਨੇ ਆਪਣੀ ਮੌਤ ਦੇ ਰਾਹੀਂ ਸ਼ੈਤਾਨ ਕੋਲੋਂ ਮੌਤ ਦੀ ਸ਼ਕਤੀ ਖੋਹ ਲਈ। ਜੀ ਉੱਠਣਾ ਮੌਤ ਦੀ ਤਸਦੀਕ ਕਰਦਾ ਹੈ। ਯਿਸੂ ਨੇ ਫ਼ਤਹਿ ਸਲੀਬ 'ਤੇ ਪਾਈ। ਪੌਲੁਸ ਨੇ ਕਿਹਾ ਕਿ ਉਹਨੇ ''... ਉਹਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ। ਉਸ ਨੇ ਹਕੂਮਤਾਂ ਅਤੇ ਅਖ਼ਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ ਅਤੇ ਉਸ ਦੇ ਦੁਆਰਾ ਉਨ੍ਹਾਂ ਨੂੰ ਫ਼ਤਹਿ ਕਰਕੇ ਖੁੱਲ੍ਹਮ-ਖੁੱਲ੍ਹਾ ਤਮਾਸ਼ਾ ਬਣਾਇਆ'' (ਕੁਲੁੱਸੀਆਂ 2:14, 15)।

ਯਿਸੂ ਪਵਿੱਤਰ ਲਿਖਤ ਦੀ ਕੁੰਜੀ ਹੈ। ਯਿਸੂ ਤੁਹਾਨੂੰ ਹਰ ਆਇਤ ਵਿਚ ਮਿਲੇਗਾ, ''ਜ਼ਿੰਦਾ ਵਚਨ'' ਸਿਰਫ਼ ''ਲਿਖਤ ਵਚਨ'' ਵਿਚ ਹੀ ਮਿਲਦਾ ਹੈ।

ਆਓ ਅਸੀਂ ਸਿਰਫ਼ ਮਸੀਹੀ ਬਣੀਏ, *ਪੂਰਣਵਾਕ*! ਮੁੱਦਾ ਅਖ਼ਤਿਆਰ ਦਾ ਹੈ ਕਿ ਅਸੀਂ ਬਾਈਬਲ ਦੀ ਗੱਲ ਮੰਨੀਏ ਜਾਂ ਨਹੀਂ? ਆਓ ਅਸੀਂ ਸਿਰਫ਼ ਮਸੀਹ ਦੀ ਕਲੀਸੀਆ ਦੇ ਮੈਂਬਰ ਹੀ ਬਣੀਏ, ... ਨਾ ਇਸ ਤੋਂ ਵੱਧ, ਨਾ ਇਸ ਤੋਂ ਘੱਟ। ਤੁਸੀਂ ਪਹਿਲੀ ਸਦੀ ਦੀ ਕਲੀਸੀਆ ਦਾ ਮੈਂਬਰ ਬਣਨਾ ਚਾਹੋਗੇ? ਤੁਸੀਂ ਬਣ ਸਕਦੇ ਹੋ! ਜੇ ਤੁਸੀਂ ਖ਼ੁਦਾ ਦੇ ਵਚਨ ਨੂੰ ਮੰਨਦੇ ਹੋ ਤਾਂ ਉਹ ਤੁਹਾਨੂੰ ਇਸ ਵਿਚ ਮਿਲਾ ਲਵੇਗਾ।

## ਨਵੇਂ ਨੇਮ ਦੀ ਕਲੀਸੀਆ

ਇੰਜੀਲ ਦੀਆਂ ਕਿਤਾਬਾਂ ਯਿਸੂ 'ਤੇ ਕੇਂਦਰਿਤ ਹਨ; ਰਸੂਲਾਂ ਦੇ ਕੰਮ ਤੋਂ ਪ੍ਰਕਾਸ਼ ਦੀ ਪੋਥੀ ਤਕ ਉਹਦੀ ਕਲੀਸੀਆ 'ਤੇ ਕੇਂਦਰਿਤ ਹਨ। ਯਿਸੂ ਨੇ ਪਤਰਸ ਨਾਲ ਵਾਅਦਾ ਕੀਤਾ ਕਿ ਉਹ ਆਪਣੀ ਕਲੀਸੀਆ ਬਣਾਵੇਗਾ (ਮੱਤੀ 16:13-20)। ਉਹਨੇ ਆਪਣੇ ਲਹੂ ਨਾਲ ਕਲੀਸੀਆ ਨੂੰ ਖ਼ਰੀਦਿਆ (ਰਸੂਲਾਂ ਦੇ ਕੰਮ 20:28)। ਉਹਨੇ ਕਲੀਸੀਆ ਨਾਲ ਪਿਆਰ ਕੀਤਾ ਅਤੇ ਇਹਦੇ ਲਈ ਆਪਣੇ ਆਪ ਨੂੰ ਦੇ ਦਿੱਤਾ (ਅਫ਼ਸੀਆਂ 5:22-30)। ਜਿਵੇਂ ਇਕ ਪਤੀ ਨੂੰ ਆਪਣੀ ਪਤਨੀ ਨਾਲ ਪਿਆਰ ਕਰਨਾ ਚਾਹੀਦਾ ਹੈ ਉਵੇਂ ਹੀ ਯਿਸੂ ਨੇ ਕਲੀਸੀਆ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਉਹਦੇ ਲਈ ਦੇ ਦਿੱਤਾ ਤਾਂ ਜੋ ਉਹਨੂੰ ਸਮੇਂ ਦੇ ਅੰਤ ਵਿਚ ਆਪਣੇ ਲਈ ਜਲਾਲੀ ਕਲੀਸੀਆ ਪੇਸ਼ ਕਰੇ (ਆਇਤਾਂ 25-27)। ਉਹਦੇ ਲਹੂ ਦੇ ਫ਼ਾਇਦੇ ਉਹਦੀ ਕਲੀਸੀਆ ਵਿਚ, ਦੇ ਰਾਹੀਂ ਹੀ ਮਿਲਦੇ ਹਨ।

ਮਸੀਹ ਨੂੰ ਉਹਦੀ ਕਲੀਸੀਆ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਮਸੀਹ ਦੀ ਸਰੀਰਕ ਦੇਹ ਨੇ ਮਸੀਹ ਦੀ ਰੂਹਾਨੀ ਦੇਹ ਨੂੰ ਖ਼ਰੀਦਿਆ। ਕਲੀਸੀਆ ''ਖ਼ੁਦਾ ਦਾ ਅਬਦੀ ਪਰਿਵਾਰ'' ਹੈ। ਧਰਤੀ ਉੱਤੇ ਇਹਦੇ ਵਰਗਾ ਹੋਰ ਕੋਈ ਨਹੀਂ ਹੈ। ਧਰਤੀ ਉੱਤੇ ਕੋਈ ਵੀ ਹੋਰ ਉਹ ਕੰਮ ਨਹੀਂ ਕਰ ਸਕਦਾ ਜੋ ਵਚਨ ਅਨੁਸਾਰ ਕੰਮ ਕਰਨ ਵਾਲੀ ਸਥਾਨਕ ਕਲੀਸੀਆ ਕਰ ਸਕਦੀ ਹੈ। ਧਰਤੀ ਉੱਤੇ ਯਿਸੂ ਕਲੀਸੀਆ ਨੂੰ ਹੀ ਛੱਡ ਕੇ ਗਿਆ ਹੈ। ਉਹ ਮਨੁੱਖਾਂ ਦੇ ਬਣਾਏ ਹੋਏ ਸੰਗਠਨਾਂ ਲਈ ਨਹੀਂ ਮਰਿਆ, ਮਸੀਹ ਕਲੀਸੀਆ ਦੀਆਂ ਸਭ ਵਸਤਾਂ 'ਤੇ ਸਿਰ ਹੈ, ਜੋ ਕਿ ਉਹ ਦੀ ਦੇਹ ਹੈ (ਅਫ਼ਸੀਆਂ 1:22, 23; ਕੁਲੁੱਸੀਆਂ 1:18)। ਏਕਤਾ ਅਤੇ ਬਰਾਬਰੀ ਸਿਰਫ਼ ਖ਼ੁਦਾ ਦੀ ਕਲੀਸੀਆਂ ਵਿਚ ਹੀ ਮਿਲਦੀ ਹੈ। ਯਿਸੂ ਨੇ ਸਲੀਬ ਰਾਹੀਂ ਦੋਹਾਂ ਨੂੰ ਖ਼ੁਦਾ ਨਾਲ ਇੱਕੋ ਦੇਹ ਵਿਚ ਮਿਲਾ ਕੇ ਕੰਧ ਢਾਹ ਦਿੱਤੀ (ਅਫ਼ਸੀਆਂ 2:13-22)। ਕਲੀਸੀਆ ਇੱਕੋ ਹੀ ਹੈ, ਬਹੁਤ ਸਾਰੀਆਂ ਨਹੀਂ।

ਤੁਸੀਂ ਆਖੋਗੇ, ''ਪਰ ਕਲੀਸੀਆ ਤੁਹਾਨੂੰ ਬਚਾ ਨਹੀਂ ਸਕਦੀ!'' ਸਹੀ ਹੈ! ਬਚਾਉਣ ਵਾਲਾ ਮਸੀਹ ਹੈ, ਕਲੀਸੀਆ ਤਾਂ ਬਚਾਈ ਹੋਈ ਹੈ। ਬਚੇ ਹੋਏ ਲੋਕ ਹੀ ਕਲੀਸੀਆ ਵਿਚ

ਮਿਲਾਏ ਜਾਂਦੇ ਸਨ (ਰਸੂਲਾਂ ਦੇ ਕੰਮ 2:41-47)। ਜੇ ਤੁਸੀਂ ਬਚਾਏ ਗਏ ਹੋ ਤਾਂ, ਤੁਹਾਨੂੰ ਕਲੀਸੀਆ ਵਿਚ ਮਿਲਾਇਆ ਗਿਆ ਹੈ; ਜੇ ਤੁਸੀਂ ਮਿਲਾਏ ਗਏ ਹੋ, ਤਾਂ ਬਚਾਏ ਗਏ ਹੋ। ਖ਼ੁਦਾ ਭੁੱਲਦਾ ਨਹੀਂ ਹੈ। *ਕਲੀਸੀਆ ਦੇ ਬਾਹਰ ਬਚਾਏ ਹੋਏ ਲੋਕ ਨਹੀਂ ਹਨ।* ਤੁਸੀਂ ਮਸੀਹ ਬਾਰੇ ਦੱਸਦੇ ਹੋ, ਤਾਂ ਤੁਹਾਨੂੰ ਕਲੀਸੀਆ ਮਿਲ ਜਾਂਦੀ ਹੈ। ਕਲੀਸੀਆ ਵਿਸ਼ਵਵਿਆਪੀ ਹੈ, ਪਰ ਮਸੀਹ ਦੀ ਕਲੀਸੀਆ ਵਿਚ ਬਣ ਕੇ ਰਹਿਣ ਦਾ ਇੱਕੋ-ਇਕ ਤਰੀਕਾ ਇਹਦੀ ਸਥਾਨਕ ਮੰਡਲੀ ਦਾ ਸਰਗਰਮ ਮੈਂਬਰ ਹੋਣਾ ਹੈ। ਧਰਤੀ 'ਤੇ, ਅਡੋਲ ਅਤੇ ਸੁਰੱਖਿਅਤ ਥਾਂ ਸਥਾਨਕ ਕਲੀਸੀਆ ਹੀ ਹੈ।

ਕਈ ਲੋਕ ਆਖਦੇ ਹਨ, ''ਮੈਂ ਸੰਗਠਿਤ ਧਰਮ ਦੇ ਖ਼ਿਲਾਫ਼ ਹਾਂ!'' ਇਹਦਾ ਮਤਲਬ ਉਹਨੂੰ ''ਅਸੰਗਠਿਤ ਧਰਮ'' ਪਸੰਦ ਹੈ? ਮੈਂ ਲੋਕਾਂ ਨੂੰ ਇਹ ਵੀ ਕਹਿੰਦੇ ਸੁਣਿਆ ਹੈ, ''ਮੈਂ ਮਸੀਹ ਨੂੰ ਤਾਂ ਪਿਆਰ ਕਰਦਾ ਹਾਂ, ਪਰ ਕਲੀਸੀਆ ਨੂੰ ਨਹੀਂ ਮੰਨਦਾ।'' ਇਹ ਗੱਲ ਨਾ ਤਾਂ ਵਚਨ ਮੁਤਾਬਕ ਹੈ ਅਤੇ ਨਾ ਹੀ ਤਰਕਸੰਗਤ। ਉਨ੍ਹਾਂ ਵਿੱਚੋਂ ਕਈ ਲੋਕ ਆਪ ਤਾਂ ਗੱਲ ਨਹੀਂ ਕਰ ਸਕਦੇ, ਪਰ ਉਹ ਕਿਸੇ ਨੂੰ ਆਪਣੀ ਪਤਨੀ ਨੂੰ ਨੁਕਸਾਨ ਪਹੁੰਚਾਉਣ ਜਾਂ ਮੰਦਾ ਬੋਲਣ ਦੀ ਇਜਾਜ਼ਤ ਨਹੀਂ ਦੇਣਗੇ! ਮਸੀਹ ਦੀ ਕਲੀਸੀਆ ਭਾਵ ਉਹਦੀ ਲਾੜੀ ਦੀ ਬੇਇੱਜ਼ਤੀ ਕਰਕੇ ਖ਼ੁਦਾ ਸਾਹਮਣੇ ਖਲੋਣ ਦੀ ਕਿਸੇ ਦੀ ਹਿੰਮਤ ਹੈ? ਸਮੇਂ ਦੇ ਅੰਤ ਵਿਚ, ਮਸੀਹ ਆਪਣੇ ਲਈ ਇਕ ਜਲਾਲੀ ਕਲੀਸੀਆ ਪੇਸ਼ ਕਰਨ ਵਾਲਾ ਹੈ ਜਿਸ ਵਿਚ ''ਕਲੰਕ ਜਾਂ ਬੱਜ ਦਾ ਕੋਈ ਹੋਰ ਅਜਿਹਾ ਔਗੁਣ'' ਨਹੀਂ ਹੋਵੇਗਾ (ਅਫ਼ਸੀਆਂ 5:27)।

## ਪ੍ਰਭੂ ਦਾ ਦਿਨ, ਪ੍ਰਭੂ ਭੋਜ

ਪ੍ਰਭੂ ਭੋਜ ਸਾਨੂੰ ਸਲੀਬ ਨਾਲ ਜੋੜਦਾ ਹੈ। ਮੁੱਢਲੀ ਕਲੀਸੀਆ ਪ੍ਰਭੂ ਦੇ ਹਰ ਦਿਨ (ਪ੍ਰਭੂ ਵਾਰ) ਯਾਨੀ ਐਤਵਾਰ ਨੂੰ ਇਕੱਠੀ ਹੁੰਦੀ ਸੀ (ਰਸੂਲਾਂ ਦੇ ਕੰਮ 20:7; 1 ਕੁਰਿੰਥੀਆਂ 16:1, 2; ਵੇਖੋ ਰਸੂਲਾਂ ਦੇ ਕੰਮ 2:42; ਇਬਰਾਨੀਆਂ 10:25)। ਪ੍ਰਭੂ ਭੋਜ ਇਕੱਠ ਵਿਚ ਦਿੱਤਾ ਜਾਂਦਾ ਸੀ। ਮਸੀਹੀ ਲੋਕ ਇਕੱਲੇ ਪ੍ਰਭੂ ਭੋਜ ਲੈ ਕੇ ਇਕੱਠੇ ਨਹੀਂ ਹੁੰਦੇ ਸਨ। ਜੋ ਕਲੀਸੀਆ ਇਕੱਠੀ ਨਹੀਂ ਹੁੰਦੀ ਉਹ ਜ਼ਿੰਦਾ ਨਹੀਂ ਰਹਿ ਸਕਦੀ। ਸਮਾਜ ਦੇ ਰੂਪ ਵਿਚ ਕਲੀਸੀਆ ਵਿਚ ਜ਼ਿੰਦਗੀ ਹੈ (ਰਸੂਲਾਂ ਦੇ ਕੰਮ 2:42)।

ਜਦ ਕਲੀਸੀਆ ਇਕੱਠੀ ਹੁੰਦੀ ਹੈ ਤਾਂ ਮਸੀਹ ਵੀ ਉੱਥੇ ਹੁੰਦਾ ਹੈ। ਯਿਸੂ ਮੇਜ਼ਬਾਨ ਹੈ, ਮਹਿਮਾਨ ਨਹੀਂ। ਪ੍ਰਭੂ ਭੋਜ ਕਲੀਸੀਆ ਦਾ ਸੈਕਰਾਮੈਂਟ ਨਹੀਂ ਹੈ ਜੋ ਸਾਨੂੰ ਮਾਫ਼ ਕਰਦਾ ਹੋਵੇ, ਇਹ ਤਾਂ ਇਹ ਐਲਾਨ ਕਰਨ ਦੀ ਯਾਦਗਾਰ ਹੈ ਕਿ ਸਾਨੂੰ ਮਾਫ਼ ਕੀਤਾ ਗਿਆ ਹੈ। ਯਿਸੂ ਨੇ ਇੱਕੋ ਹੀ ਹੁਕਮ ਦਿੱਤਾ ਹੈ, ''ਮੈਨੂੰ ਯਾਦ ਰੱਖੋ'' (ਲੂਕਾ 22:19, 20; 1 ਕੁਰਿੰਥੀਆਂ 10:16; 11:23-26)। ਉਹਦੀ ਇੱਕੋ ਬਾਈਬਲ, ਇੱਕੋ ਰੋਟੀ, ਇੱਕੋ ਪਿਆਲਾ, ਇੱਕੋ ਦੇਹ, ਇੱਕੋ ਲਹੂ ਅਤੇ ਇੱਕੋ ਅਹਿਦ ਹੈ। ਵਧੀਆ ਨਿਯਮ ਇਹੀ ਹੈ: ਪ੍ਰਭੂ ਭੋਜ ਪ੍ਰਭੂ ਦੇ ਹਰ ਦਿਨ ਅਤੇ ਪ੍ਰਭੂ ਦਾ ਕੋਈ ਵੀ ਦਿਨ ਬਿਨਾ ਪ੍ਰਭੂ ਭੋਜ ਦੇ ਨਹੀਂ। ਵਿਚਾਰ ਕਰੋ ਕਿ ਉਸ ਵਿਚ ਕੀ ਵਰਤਿਆ ਗਿਆ: ਅਖ਼ਮੀਰੀ ਰੋਟੀ ਅਤੇ ਦਾਖਰਸ। ਇਹ ਨਿਸ਼ਾਨੀਆਂ ਉਹਦੀ ਦੇਹ ਦੀ ਯਾਦ ਦਵਾਉਂਦੀਆਂ ਹਨ। ਰੋਟੀ ਅਤੇ ਪਿਆਲੇ ਦੀ ਥਾਂ ਕਿਸੇ ਹੋਰ ਚੀਜ਼ ਦੇ ਵਰਤਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ।

ਕਲੀਸੀਆ ਧਾਰਮਿਕ ਛੁੱਟੀਆਂ ਵੇਲੇ ਨਹੀਂ ਵਧਦੀ, ਬਲਕਿ ਇਹ ਪ੍ਰਭੂ ਭੋਜ ਵੇਲੇ ਵਧਦੀ

ਹੈ। ਇਸ ਨੂੰ ਨਾ ਲੈ ਪਾਉਣ ਦਾ ਮਤਲਬ ਕਲੀਸੀਆ ਨੂੰ ਕਮਜ਼ੋਰ ਅਤੇ ਬੀਮਾਰ ਬਣਾਉਣਾ ਹੈ (1 ਕੁਰਿੰਥੀਆਂ 11:23-30)। ਪ੍ਰਭੂ ਭੋਜ ਦੁਨੀਆਂ ਵਿਚ ਸਭ ਤੋਂ ਵੱਡੀ ਯਾਦਗਾਰ ਹੈ। ਕਲੀਸੀਆ ਦਾ ਹਰ ਮੈਂਬਰ ਇਸ ਵਿਚ ਭਾਗ ਲੈ ਸਕਦਾ ਹੈ। ਇਹ ਸਾਡਾ ਧਿਆਨ ਵਚਨ ਤੇ, ਸਲੀਬ ਤੇ ਅਤੇ ਉਹਦੇ ਵੱਲੋਂ ਦਿੱਤੀ ਮਾਫ਼ੀ ਤੇ ਲਵਾਉਂਦਾ ਹੈ। ਮੈਂਬਰ ਆਪਣੇ ਆਪ ਨੂੰ ਜਾਂਚਦੇ ਹਨ। ਮੈਂਬਰ ''ਪ੍ਰਭੂ ਦੀ ਮੌਤ ਦਾ ਜਦ ਤਕ ਉਹ ਨਾ ਆਵੇ'' ਪ੍ਰਚਾਰ ਕਰਦੇ ਹਨ (1 ਕੁਰਿੰਥੀਆਂ 11:26)। ਇਹੀ ਕਾਰਣ ਹੈ ਕਿ ਅਸੀਂ ਪ੍ਰਭੂ ਭੋਜ ਉਨ੍ਹਾਂ ਲਈ ਲਿਜਾਂਦੇ ਹਾਂ ਜੋ ਘਰਾਂ 'ਚੋਂ ਨਹੀਂ ਆ ਸਕਦੇ। ਉਹ ਵੀ ਦੇਹ ਦੇ ਅੰਗ ਹਨ। ਪ੍ਰਭੂ ਭੋਜ ਉਹ ਯਾਦਗਾਰ ਹੈ ਜਿਹਦੇ ਆਲੇ-ਦੁਆਲੇ ਕਲੀਸੀਆ ਘੁੰਮਦੀ ਹੈ।

## ਬਪਤਿਸਮਾ

ਸਲੀਬ ਨੂੰ ਫੇਰ ਤੋਂ ਸਮਾਜ ਦੇ ਵਿਚਕਾਰ ਰੱਖਣ ਦੀ ਲੋੜ ਹੈ ਨਾ ਕਿ ਸਿਰਫ਼ ਗਿਰਜੇ ਦੀ ਛੱਤ 'ਤੇ। ਯਿਸੂ ਨੂੰ ਦੋ ਮੋਮਬੱਤੀਆਂ ਦੇ ਵਿਚਕਾਰ ਕਿਸੇ ਕੈਥੇਡ੍ਰਲ ਵਿਚ ਨਹੀਂ, ਸਗੋਂ ਦੋ ਡਾਕੂਆਂ ਦੇ ਵਿਚਕਾਰ ਸਲੀਬ ਦਿੱਤਾ ਗਿਆ ਸੀ। ਸਾਨੂੰ ਸਭ ਨੂੰ ਇਹ ਸਵਾਲ ਚੁੱਕਣ (ਅਤੇ ਜਵਾਬ ਦੇਣ) ਦੀ ਲੋੜ ਹੈ ਕਿ ''ਬਚਾਏ ਜਾਣ ਲਈ ਮੈਂ ਕੀ ਕਰਾਂ?'' ਕਈ ਲੋਕ ਲੂਕਾ 18:9-14 ਦੇ ਅਧਾਰ 'ਤੇ ''ਪਾਪੀ ਦੀ ਪ੍ਰਾਰਥਨਾ'' ਦਾ ਸੁਝਾਅ ਦਿੰਦੇ ਹਨ, ਜਿਸ ਵਿਚ ਮਸੂਲ ਲੈਣ ਵਾਲੇ ਨੇ ਦੁਆ ਕੀਤੀ ਸੀ ਕਿ ''ਹੇ ਖ਼ੁਦਾ, ਮੈਂ ਪਾਪੀ, ਮੇਰੇ 'ਤੇ ਰਹਿਮ ਕਰ।'' ਇਸ ਦੁਆ ਨੂੰ ਮੁਕਤੀ ਦਾ ਰਾਹ ਕਹਿਣਾ ਵਚਨ ਦਾ ਅਧਿਐਨ ਕਰਨਾ ਜਾਂ ਵਚਨ ਨੂੰ ਮੰਨਣ ਜਾਂ ਦੋਹਾਂ ਵਿਚ ਸਾਡੀ ਨਾਕਾਮੀ ਹੈ। ਇਸ ਕਹਾਣੀ ਵਿਚ ਫ਼ਰੀਸੀ ਅਤੇ ਮਸੂਲ ਲੈਣ ਵਾਲਾ ਹੈਕਲ ਵਿਚ ਜਾਣ ਵਾਲੇ ਯਹੂਦੀ ਬਿਰਾਦਰ ਸਨ। ਉਨ੍ਹਾਂ ਵਿੱਚੋਂ ਕੋਈ ਵੀ ਖ਼ੁਦਾ ਸਾਹਮਣੇ ਪਹਿਲੀ ਵਾਰ ਆਉਣ ਵਾਲਾ ਪਾਪੀ ਨਹੀਂ ਸੀ। ਇਕ ਘਮੰਡੀ ਸੀ ਅਤੇ ਦੂਜਾ ਪਛਤਾਵੇ ਨਾਲ ਭਰਿਆ। ਸਬਕ ਇਹੀ ਹੈ। ਯਿਸੂ ਦਾ ਇਹ ਦ੍ਰਿਸ਼ਟਾਂਤ ਸਲੀਬ ਤੋਂ, ਰਸੂਲਾਂ ਦੇ ਕੰਮ ਕਿਤਾਬ ਤੋਂ, ਗ੍ਰੇਟ ਕਮਿਸ਼ਨ ਦਿੱਤੇ ਜਾਣ ਤੋਂ, ਪੈਂਟੀਕਾਸਟ ਵਾਲੇ ਦਿਨ ਤੋਂ, ਇੰਜੀਲ ਸੁਣਾਏ ਜਾਣ ਤੋਂ ਅਤੇ ਕਲੀਸੀਆ ਤੋਂ ਪਹਿਲਾਂ ਦਾ ਸੀ। ਇਹ ਘਟਨਾ ਮੁਕਤੀ ਦੀ ਨਹੀਂ ਸੀ। ਯਿਸੂ ਨੂੰ ਲੋਕ ਜਾਣਦੇ ਨਹੀਂ ਸਨ ਉਨ੍ਹਾਂ ਨੂੰ ਉਹਦੀ ਲੋੜ ਨਹੀਂ ਜਾਂ ਕਹਾਣੀ ਵਿਚ ਉਹਦਾ ਨਾਂਅ ਨਹੀਂ ਹੈ!

ਬਪਤਿਸਮਾ ਪਾਪੀਆਂ ਨੂੰ ਸਲੀਬ ਨਾਲ ਜੋੜਦਾ ਹੈ। ਰੋਮੀਆਂ 6:3 ਪੜ੍ਹੋ। ਇਹ ਕਰਨ 'ਤੇ ਸਾਡਾ ਸੰਪਰਕ ਯਿਸੂ ਦੇ ਲਹੂ ਨਾਲ ਹੁੰਦਾ ਹੈ; ਧਰਤੀ 'ਤੇ ਸਿਰਫ਼ ਇਹੀ ਉਹ ਥਾਂ ਹੈ ਜਿੱਥੇ ਗ਼ੈਰ ਮਸੀਹੀ ਇੰਜ ਕਰ ਸਕਦਾ ਹੈ। ਇਸ ਕਰਕੇ ਇਹਨੂੰ ਕਲੀਸੀਆ ਦੀ ਫ਼ਜ਼ੂਲ ਰਵਾਇਤ ਬਣਾ ਕੇ ਇਹਦੀ ਕਦਰ ਨਹੀਂ ਘਟਾਉਣੀ ਚਾਹੀਦੀ।

ਸੱਚ ਤਾਂ ਇਹ ਹੈ ਕਿ ਯਿਸੂ ਦੇ ਸੁਰਗ ਵਿਚ ਪਰਤ ਜਾਣ ਦੇ ਬਾਅਦ ਲਿਖਤ ਵਿਚ ਬਪਤਿਸਮੇ ਦੇ ਬਗ਼ੈਰ ਮਸੀਹੀ ਹੋਣਾ ਮਿਲਦਾ ਹੀ ਨਹੀਂ ਹੈ। ਪਹਿਲੀ ਸਦੀ ਦੀ ਕਲੀਸੀਆ ਦੇ ਇਤਿਹਾਸ ਵਿਚ ਵੀ ਇਹ ਨਹੀਂ ਮਿਲਦਾ। ਬਪਤਿਸਮਾ ਕਿਸੇ ਦੀ ਮੁਕਤੀ ਵਿਚ ਇਕ ਅਹਿਮ ਘਟਨਾ ਹੈ। ਯਿਸੂ ਨੇ ਬਪਤਿਸਮੇ ਨੂੰ ਗ੍ਰੇਟ ਕਮਿਸ਼ਨ ਵਿਚ ਰੱਖਿਆ (ਮਰਕੁਸ 16:15, 16)। ਪਾਪੀਆਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂਅ 'ਚ ਬਪਤਿਸਮਾ ਦਿੱਤਾ ਜਾਂਦਾ ਹੈ (ਮੱਤੀ 28:18-20)। ਇੰਜੀਲ ਦੇ ਪੈਗ਼ਾਮ ਦਾ ਸਾਰ ਮਸੀਹ ਦਾ ਮਾਰਿਆ ਜਾਣਾ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਹੈ (1 ਕੁਰਿੰਥੀਆਂ 15:1-4); ਪਾਪੀਆਂ ਨੂੰ ਮਸੀਹ ਦੀ ਮੌਤ,

ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਬਪਤਿਸਮਾ ਦਿੱਤਾ ਜਾਂਦਾ ਹੈ (ਰੋਮੀਆਂ 6:3-6; ਕੁਲੁੱਸੀਆਂ 2:12)। ਬਪਤਿਸਮਾ ਲੈਣ ਵਾਲਾ ਪ੍ਰਭੂ ਨੂੰ ਕਬੂਲ ਕਰਕੇ ਉਹਨੂੰ ਪਹਿਨ ਲੈਂਦਾ ਹੈ (ਗਲਾਤੀਆਂ 3:26-28)। ਵਚਨ ਅਨੁਸਾਰ ਲਿਆ ਬਪਤਿਸਮਾ ਪਾਪੀ ਨੂੰ ਮਸੀਹੀ ਬਣਾ ਦਿੰਦਾ ਹੈ (ਰਸੂਲਾਂ ਦੇ ਕੰਮ 2:38)।

ਬਪਤਿਸਮੇ ਬੰਦੇ ਦੀ ਕਾਬਲੀਅਤ ਦਾ ਕੰਮ ਨਹੀਂ, ਸਗੋਂ ਖ਼ੁਦਾ ਦਾ ਕੰਮ ਹੈ। ਹਰ ਪਾਪੀ ਲਈ ਸੁਣਨਾ, ਵਿਸ਼ਵਾਸ਼ ਕਰਨਾ, ਤੌਬਾ ਕਰਨਾ ਅਤੇ ਯਿਸੂ ਦਾ ਇਕਰਾਰ ਕਰਨਾ ਜ਼ਰੂਰੀ ਹੈ। ਮੇਰੇ ਲਈ ਕੋਈ ਹੋਰ ਇਹ ਕੰਮ ਨਹੀਂ ਕਰ ਸਕਦਾ, ਪਰ ਮੈਨੂੰ ਬਪਤਿਸਮਾ ਕਿਸੇ ਹੋਰ ਨੂੰ ਹੀ ਦੇਣਾ ਪਿਆ ਸੀ। ਮੂਲ ਵਿਚ ਪਾਪੀਆਂ ਨੂੰ ''ਬਪਤਿਸਮਾ ਮਿਲਦਾ ਹੈ।'' ਅਫ਼ਸੁਸ ਵਿਚ ਬਾਰਾਂ ਜਣਿਆਂ ਨੂੰ ਪੌਲੁਸ ਵੱਲੋਂ ਦੁਬਾਰਾ ਬਪਤਿਸਮਾ ਦਿੱਤਾ ਗਿਆ ਸੀ, ਕਿਉਂਕਿ ਪਹਿਲਾਂ ਉਨ੍ਹਾਂ ਦਾ ਬਪਤਿਸਮਾ ਗ਼ਲਤ ਹੋਇਆ ਸੀ (ਰਸੂਲਾਂ ਦੇ ਕੰਮ 19:1-7)। ਪੌਲੁਸ ਦਾ ਮੰਨਣਾ ਸੀ ਕਿ ਬਪਤਿਸਮਾ ਜ਼ਰੂਰੀ ਹੈ ਅਤੇ ਇਹ ਸਹੀ ਢੰਗ ਨਾਲ ਦਿੱਤਾ ਜਾਣਾ ਚਾਹੀਦਾ ਹੈ।

ਬਪਤਿਸਮਾ ਬਚਾਉਂਦਾ ਹੈ (1 ਪਤਰਸ 3:20, 21)। ਪੈਂਟੀਕਾਸਟ ਵਾਲੇ ਦਿਨ ਯਹੂਦੀਆਂ ਨੂੰ ਬਪਤਿਸਮਾ ਦਿੱਤੇ ਜਾਣ ਦੀ ਲੋੜ ਸੀ (ਰਸੂਲਾਂ ਦੇ ਕੰਮ 2)। ਇਥੋਪੀਆ ਦੇ ਹਾਕਮ ਨੂੰ ਵੀ ਬਪਤਿਸਮਾ ਲੈਣ ਦੀ ਲੋੜ ਸੀ (ਰਸੂਲਾਂ ਦੇ ਕੰਮ 8:26-40)। ਪੌਲੁਸ ਤਕ ਨੂੰ ਵੀ ਬਪਤਿਸਮੇ ਦੀ ਲੋੜ ਸੀ (ਰਸੂਲਾਂ ਦੇ ਕੰਮ 9; 22:16)। ਕੁਰਨੇਲਿਉਸ ਨੂੰ ਜੋ ਗ਼ੈਰ ਕੌਮ (ਗ਼ੈਰ ਯਹੂਦੀ) ਸੀ, ਬਪਤਿਸਮਾ ਦੀ ਲੋੜ ਸੀ (ਰਸੂਲਾਂ ਦੇ ਕੰਮ 10)। ਇਨ੍ਹਾਂ ਸਭ ਹਵਾਲਿਆਂ ਨੂੰ ਪੜ੍ਹ ਕੇ ਕੌਣ ਹੈ ਜੋ ਇਹ ਨਿਚੋੜ ਨਾ ਕੱਢੇ ਕਿ ਹਰ ਜ਼ਿੰਮੇਵਾਰ ਸ਼ਖ਼ਸ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ?

## ਸਲੀਬ ਦਿੱਤੀ ਜ਼ਿੰਦਗੀ

ਸਲੀਬ ਦਾ ਫਲ ਸਲੀਬ ਦਿੱਤੀ ਜ਼ਿੰਦਗੀ ਹੈ। ਪੌਲੁਸ ਨੇ ਕਿਹਾ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ ...'' (ਗਲਾਤੀਆਂ 2:20, 21)। ਯਿਸੂ ਮੌਤ ਮਰਨ ਤੋਂ ਪਹਿਲਾਂ ਜ਼ਿੰਦਗੀ ਜੀਆ। ਮੁਕਤੀ ਮੁਫ਼ਤ ਮਿਲਦੀ ਹੈ ਪਰ ਇਹਦੇ ਲਈ ਸਾਨੂੰ ਸਭ ਕੁਝ, ਯਾਨੀ ਆਪਣੀਆਂ ਜ਼ਿੰਦਗੀਆਂ ਦੇਣੀਆਂ ਪੈਂਦੀਆਂ ਹਨ! ਇਤਿਹਾਸਕ ਪੱਖੋਂ, ਯਿਸੂ ਜੀ ਉੱਠਿਆ ਹੈ; ਪਰ ਪਵਿੱਤਰਤਾਈ ਦੇ ਪੱਖੋਂ, ਉਹ ਅਜੇ ਵੀ ਸਲੀਬ 'ਤੇ ਹੈ। ਕਲੀਸੀਆ ਸਲੀਬ ਦੇ ਰਾਹੀਂ ਹੋਂਦ ਵਿਚ ਆਈ ਸੀ ਅਤੇ ਸਲੀਬ ਦੇ ਇਜ਼ਹਾਰ ਦੇ ਰੂਪ ਵਿਚ ਜ਼ਿੰਦਾ ਹੈ। ਅਸੀਂ ਸਲੀਬ ਕੋਲ ਆਉਂਦੇ ਅਤੇ ਸਲੀਬ 'ਤੇ ਰਹਿੰਦੇ ਹਾਂ ਜਿਵੇਂ ਕੁੱਲੁਸੀਆਂ 3:1-4 ਵਿਚ ਪੌਲੁਸ ਨੇ ਕਿਹਾ ਹੈ।

ਸਲੀਬ ਦਿੱਤੇ ਮੁਕਤੀਦਾਤੇ ਦਾ ਸੰਦੇਸ਼ ਸਲੀਬ ਦਿੱਤੇ ਸੇਵਕਾਂ ਰਾਹੀਂ ਵਧੀਆਂ ਢੰਗ ਨਾਲ ਦਿੱਤਾ ਜਾ ਸਕਦਾ ਹੈ। ਯਿਸੂ ਸਾਨੂੰ ਮਰਨ ਲਈ ਸੱਦਦਾ ਹੈ। ਪੌਲੁਸ ਰੋਜ਼ ਮਰਦਾ ਸੀ (1 ਕੁਰਿੰਥੀਆਂ 15:31)। ਕਲੀਸੀਆ ਜੀਉਣਾ ਤਾਂ ਹੀ ਸਿੱਖ ਸਕਦੀ ਹੈ ਜੇ ਇਸ ਵਿਚ ਮਰਨ ਦੀ ਹਿੰਮਤ ਹੈ। ਮਸੀਹੀ ਵਿਅਕਤੀ ਉਸ ਸੰਸਾਰ ਦੀ ਬਜਾਇ ਜਿਹਨੂੰ ਬਚਾਉਣ ਲਈ ਮਸੀਹ ਮਰਿਆ, ਉਸ ਸੰਸਾਰ ਵਰਗਾ ਨਹੀਂ ਹੋਣ ਚਾਹੀਦਾ ਜਿਸ ਨੂੰ ਬਚਾਉਣ ਮਸੀਹ ਆਇਆ ਸੀ। *ਕਿਸੇ* ਕੋਲ ਬਾਈਬਲ ਓਨੀ ਹੀ ਹੈ ਜਿਨੀ ਉਹਦੀ ਜ਼ਿੰਦਗੀ ਬਾਈਬਲ ਦੇ ਮੁਤਾਬਕ ਹੈ। ਆਪਣੇ ਦਿਨ ਦਾ ਪਹਿਲਾਂ ਫਲ, ਹਫ਼ਤੇ ਦਾ ਪਹਿਲਾ ਦਿਨ, ਆਪਣੀ ਤਨਖਾਹ ਦਾ ਪਹਿਲਾ ਹਿੱਸਾ ਅਤੇ ਦਿਲ ਵਿਚ ਪਹਿਲੀ ਥਾਂ ਖ਼ੁਦਾ ਨੂੰ ਦਿਓ।

ਜਦ ਤੁਸੀਂ ਵਿਸ਼ਵਾਸ ਦੀ ਆਗਿਆਕਾਰਤਾ, ਲਹੂ ਦੀ ਕਿਤਾਬ, ਖ਼ੂਨ ਖ਼ਰੀਦੀ ਕਲੀਸੀਆ, ਪ੍ਰਭੂ ਭੋਜ ਦੀ ਯਾਦਗਾਰੀ ਜਾਂ ਬਪਤਿਸਮੇ ਨੂੰ ਕਮਜ਼ੋਰ ਕਰਦੇ ਹੋ, ਤਾਂ ਸਲੀਬ ਨਾਲ ਜੁੜਨ ਦਾ ਤੁਹਾਡਾ ਹੋਰ ਕੋਈ ਸਾਧਨ ਨਹੀਂ ਰਹਿੰਦਾ।

*ਸਲੀਬ ...*
*ਹੋਰ ਰਾਹ ਹੀ ਨਹੀਂ!*